# ਭਾਰਤ ਦੇ ਆਜ਼ਾਦੀ ਦਿਵਸ 'ਤੇ ਵਿਸ਼ੇਸ਼:

ਪੇਸ਼ ਹੈ
ਡਾ. ਸੁਖਪਾਲ ਸੰਘੇੜਾ ਓਰਫ਼ ਪਰਖ਼ਾ
ਦੀਆਂ
ਗ਼ੁਲਾਮੀ ਤੇ ਗ਼ੁਲਾਮੀ ਦੀ ਰਹਿੰਦ ਖੂੰਹਦ ਬਾਰੇ ਲਘੂ ਕਵਿਤਾਵਾਂ ਦਾ
ਗੁਲਦਸਤਾ

## ਗ਼ੁਲਾਮੀਨਾਮਾ

**(ਗ਼ੁਲਾਮੀ ਦੀ ਰਹਿੰਦ ਖੂੰਹਦ ਕਈ ਰੂਪਾਂ ਵਿੱਚ ਪ੍ਰਗਟ ਹੁੰਦੀ ਹੈ)**

### ਗ਼ੁਲਾਮੀ

ਆਜ਼ਾਦੀ ਕੀ ਲੜਾਈ ਮੇਂ
ਸਭ ਸੇ ਮੁਸ਼ਕਲ ਕਾਮ ਹੈ,
ਗ਼ੁਲਾਮ ਕੋ ਸਮਝਾਨਾ
ਕਿ ਵੋਹ ਗ਼ੁਲਾਮ ਹੈ।

### ਆਜ਼ਾਦੀ-ਏ-ਗ਼ੁਲਾਮੀ

ਝੂਠ ਹੈ ਕਿ ਅੰਗਰੇਜ਼ ਨੇ ਸਾਨੂੰ
ਗ਼ੁਲਾਮ ਬਣਾਇਆਂ,
ਉਹ ਤਾਂ ਝੂਟੇ ਲੈਣ ਸੀ ਆਇਆਂ,
ਸਾਡੀ ਗ਼ੁਲਾਮੀ ਉੱਪਰ ਚੜ੍ਹਕੇ।

ਆਇਆਂ ਤੇ ਚਲੇ ਗਿਆਂ ਪਰਖ਼ਿਆ,
ਸਾਡੀ ਗ਼ੁਲਾਮੀ ਨੂੰ
ਮੁੜ ਆਜ਼ਾਦ ਕਰਕੇ।

### ਨਾਮ-ਏ-ਗ਼ੁਲਾਮ

ਅਕਲ ਅਜ਼ਾਦੀ ਦਾ ਯੁੱਗ ਹੈ ਚੜ੍ਹਿਆ
ਮਾਲਕ ਵੀ ਹੋ ਗਏ ਸ਼ੈਤਾਨ ਬੜੇ ਨੇ,
ਡੀਨ ਪ੍ਰੋਫੈਸਰ ਚੈਅਰਮੈਨ ਬਣ ਜਾਉ
ਫਿਰਦੇ ਪ੍ਰਧਾਨ 'ਤੇ ਪ੍ਰਧਾਨ ਚੜ੍ਹੇ ਨੇ।
ਜ਼ਮਾਨਾ ਵੀ ਕਿੰਨਾ ਅੱਗੇ ਵਧ ਆਇਆ
ਇਹ ਨਾਵਾਂ ਦਾ ਕੈਸਾ ਚੱਕਰ ਚੱਲਾਇਆ,

ਗ਼ੁਲਾਮਾਂ ਦੇ ਆਹ ਦੇਖ ਪਰਖ਼ਿਆ,
ਕੀ ਕੀ ਇਨ੍ਹਾਂ ਨੇ ਨਾਮ ਧਰੇ ਨੇ।

## ਅਮਰ ਗ਼ੁਲਾਮੀ

ਜਿਸਮਾਂ ਨੂੰ ਗ਼ੁਲਾਮੀ ਚੰਬੜੀ
ਛੋਰਨ ਹੀ ਲੱਥ ਸਕਦੀ,
ਸੋਚ ਸਹੀ ਹਥਿਆਰਾਂ ਸੰਗ ਜੇ
ਵੱਸ ਗੁਲਾਮਾਂ ਆਵੇ।

ਠਹਿਰ ਗ਼ੁਲਾਮੀ ਪੀੜ੍ਹੀਓ ਪੀੜ੍ਹੀ
ਅਮਰ ਹੋ ਵਗਣੇ ਲੱਗਦੀ,
ਜਦੋਂ ਗ਼ੁਲਾਮੀ ਰੂਹਾਂ ਦੇ ਵਿੱਚ
ਘੁਲ ਮਿਲ ਕੇ ਰਚ ਜਾਵੇ।

ਸਦੀਆਂ ਪਿੱਛੋਂ ਪਿੰਜਰਾ ਖੋਲ੍ਹਿਆਂ
ਪੰਛੀ ਉੱਡਦੇ ਨਹੀਓ,
ਪੂਰੀ ਨਸਲ ਦੇ ਕੋਲੋਂ ਸਹਿਜੇ
ਉੜਣ ਜਾਂਚ ਖੁਸ ਜਾਵੇ।

## ਅਜ਼ਾਦੀ

ਜੱਗ ਨੂੰ ਜਿੱਤੀ ਬੈਠੇ ਹਾਂ ਜੀ
ਕੋਈ ਨਾ ਰੀਸ ਅਸਾਡੀ।
ਹਰ ਥਾਂ ਸਾਡੇ ਝੰਡੇ ਝੂਲਣ
ਮਾਣ ਹਾਂ ਰਹੇ ਅਜ਼ਾਦੀ।

ਅਸੀਂ ਹਾਂ ਵੱਡੇ ਖੰਭਾਂ ਵਾਲੇ
ਵੱਡੇ ਵੱਡੇ ਪੰਛੀ,
ਇਕ ਪਿੰਜਰੇ ਤੋਂ ਦੂਜੇ ਪਿੰਜਰੇ
ਤੱਕ ਉਡਾਰੀ ਸਾਡੀ।

## ਕੈਦੀ

ਜਿੰਨਾ ਮਰਜ਼ੀ ਦੌੜ੍ਹੇ ਉੱਡੇ
ਬੰਦਾ ਤਨ ਦਾ ਕੈਦੀ।
ਵੱਡੇ ਵੱਡੇ ਸੁਪਨੇ ਦੇਖੇ
ਫਿਰ ਵੀ ਮਨ ਦਾ ਕੈਦੀ।

ਸਭ ਤੋਂ ਵੱਡੀ ਲਾਹਨਤ ਵਾਲੀ
ਕੈਦ ਉਦੋਂ ਮੈਂ ਤੱਕਾਂ,
ਜਦ ਕੋਈ ਵੱਡਾ ਬੰਦਾ ਦਿਸਦਾ
ਛੋਟੇਪਨ ਦਾ ਕੈਦੀ।

## ਗ਼ੁਲਾਮੀ-ਏ-ਰੂਹ

ਜੇ ਗ਼ੁਲਾਮੀ ਤਨ ਦੀ ਉਸ ਸੰਗ
ਸਿੱਧਾ ਮੱਥਾ ਡਾਈਏ।
ਜਿੱਤਾਂ ਹਾਰਾਂ 'ਚੀਂ ਲੰਘ ਓਸ 'ਤੇ
ਅਖ਼ਰ ਫ਼ਤਿਹ ਗੁੰਜਾਈਏ।

ਗ਼ੁਲਾਮੀ ਬੋਲੀ ਰਸਮਾਂ ਰਾਹੀਂ
ਰੂਹ ਅੰਦਰ ਘੁਸ ਆਵੇ,
ਤਾਂ ਫਿਰ ਲੱਖ ਆਜ਼ਾਦੀਆਂ ਪਾ ਕੇ
ਗ਼ੁਲਾਮੀ ਹੀ ਹੰਢਾਈਏ।

## ਕਮਾਈ ਏ ਗ਼ੁਲਾਮੀ

ਲੈ ਸੁਪਨੇ ਐਵੇਂ ਪੱਕਿਆ ਦੇ
ਇਹਨੇ ਕੱਚਿਆਂ ਤਾਈ ਢਾਉਣਾ ਨਹੀਂ।
ਮਿੱਟੀ 'ਚੇ ਗੱਢੀ ਰਹਿਣਾ ਹੈ
ਇਹਨੇ ਉੱਠ ਅੰਬਰਾਂ ਨੂੰ ਗਾਹੁਣਾ ਨਹੀਂ।

ਜਿਹਨੇ ਕਰ ਮਿਹਨਤ ਸਦੀਆਂ ਤੋਂ
ਗ਼ੁਲਾਮੀ ਖ਼ੂਬ ਕਮਾਈ ਹੈ,
ਉਸ ਕੌਮ ਨੇ, ਲੱਖ ਪਰੋਸ ਦਿਓ
ਆਜ਼ਾਦੀ ਨੂੰ ਅਪਾਉਣਾ ਨਹੀਂ।

## ਰੂਪ-ਏ-ਗ਼ੁਲਾਮੀ

ਰੱਬ ਦੇ ਬਹੁਤ ਗ਼ੁਲਾਮ ਨੇ ਇੱਥੇ
ਜਾਂ ਫਿਰ ਗੋਰੇ ਰੰਗ ਦੇ।
ਨਸ਼ਿਆਂ ਦੇ ਗ਼ੁਲਾਮ ਤੇ ਨਾਲੇ
ਡਰੱਗਾਂ ਵਾਲੀ ਭੰਗ ਦੇ।

ਅਮੀਰ-ਗਰੀਬ ਤੇ ਜਾਤ-ਪਾਤ ਸੰਗ
ਹੋਰ ਅਨੇਕਾਂ ਚੀਜ਼ਾਂ,
ਇਹ ਸੱਭ ਏਸ ਕੌਮ ਦੇ ਵਿੱਚੇ
ਊਚ ਨੀਚ ਨੂੰ ਜੰਮ ਦੇ।

ਜਗੀਰੂ ਤੇ ਸਰਮਾਇਆਦਾਰੀ
ਦੋ ਯੁੱਗ ਇੱਕੋ ਵੇਲੇ,
ਇੱਕ ਦੂਜੇ 'ਚੇ ਫ਼ਸ ਫ਼ਸ ਘਟਦੇ
ਬੰਦਿਆਂ ਦੇ ਤਨ ਮਨ 'ਚੇ।

ਮਨ ਕੋਈ ਪੱਧਰਾ ਨਾਹੀਂ ਬਲਕਿ
ਊਚ-ਨੀਚ ਸੰਗ ਭਰਿਆ,
ਭਾਂਤ ਭਾਂਤ ਦੇ ਭੇਦ ਲੋਕਾਂ ਨੂੰ
ਕਈ ਜਮਾਤੀਂ ਵੰਡ ਦੇ।

ਜਮਾਤਾਂ ਉੱਪਰ ਜਮਾਤਾਂ ਚੜ੍ਹੀਆਂ
ਅੰਬਰ ਤੀਕਰ ਜਾਵਣ,
ਮਾਰਕਸ ਸਿਰ ਦੇ ਵਾਲ ਨੋਚਦਾ
ਏਸ ਕੌਮ 'ਚੋਂ ਲੰਘ ਕੇ।

'ਨੀਚ' ਦੇ ਅੱਗੇ ਸ਼ਾਨ ਬੰਦੇ ਦੀ
'ਕਲਗੀ' ਬਣ ਬਣ ਝੂਲਦੀ,
ਉਹੀ 'ਕਲਗੀ' ਪੂਛ ਹੋ ਹਿੱਲਦੀ
ਅੱਗੇ ਊਚ ਦੇ ਮੰਦ ਦੇ।

ਗ਼ੁਲਾਮਾਂ ਦੇ ਇਸ ਨਗਰੀ ਵਿੱਚੇ
ਛਾਈ ਗ਼ੁਲਾਮੀ ਇੰਦਾਂ,
ਰਾਜੇ ਵੀ ਗ਼ੁਲਾਮ ਪਰਖਿਆਂ
ਆਪ ਤੋਂ ਉੱਚੇ ਸੰਗ ਦੇ।

## ਕੱਲ ਤੋਂ ਕੱਲ ਦਾ ਗਧੀ-ਗੇੜ੍ਹ

ਗੁਜ਼ਰੇ 'ਕੱਲ੍ਹ' ਦੇ ਨੇੜੇ ਆਓਣੇ
ਵਾਲਾ 'ਕੱਲ੍ਹ' ਵਸੇਂਦਾ ਹੈ।
ਦੋਹਾਂ ਕੱਲ੍ਹਾਂ ਦੇ ਵਿੱਚ ਵਿਚਾਲੇ
ਕੌਮ ਦਾ 'ਅੱਜ' ਨਚੇਂਦਾ ਹੈ।

ਜ਼ਿਹਨੇ-ਕੌਮ 'ਚੇ 'ਭਲਕ' ਨਿੱਤ ਨੇਮੇ
ਫ਼ਾਸੀਂ ਉੱਤੇ ਚੜ੍ਹਦਾ ਹੈ,
ਕੱਲ੍ਹ ਤੋਂ ਕੱਲ੍ਹ ਦਾ ਨਾਚ ਸਫ਼ਰ ਨਹੀਂ
ਗਧੀ-ਗੇੜ੍ਹ ਕਹੇਂਦਾ ਹੈ।

ਐਸੀ ਕੌਮ ਦੀ 'ਅਕਲ' 'ਸਿਆਣਪ' ਤਾਈ
ਉਲੰਘ ਨਾ ਪਾਂਦੀ ਹੈ,
ਤਰਕ ਕੌਮ ਦਾ ਵਿੱਚ 'ਚਲਾਕੀ' 'ਚੇ ਕੈਦ ਹੈ
ਗਿਆਨ ਤੁੱਕਾਂ ਵਿੱਚ ਰਹਿੰਦਾ ਹੈ।

ਤਾਹੀਂਉ ਮਾਰਕਸ ਦੇ ਸਿਰ ਵਿੱਚੋਂ ਨਿਕਲ
ਲੈਨਿਨ ਮਾਓ ਚੀਂ ਹੁੰਦਾ
ਸਿਧਾਂਤੇ ਇੰਨਕਲਾਬ ਵੀ ਆ ਧਰਮ ਦੇ ਖੂਹੇ
ਸਿਰ ਪਰਨੇ ਡਿਗ ਪੈਂਦਾ ਹੈ।

## ਗ਼ੁਲਾਮ-ਏ-ਪਿਆਰ

ਧਿਆ ਕੇ ਡੋਰ ਪਿਆਰ ਦੀ,
ਮਹਿਬੂਬ ਨੂੰ ਰੱਬ ਕਰਦੇ ਹਾਂ।



ਪਿਆਰ ਦੀ ਸ਼ਮਾਂ ਦੇ ਓਹ ਕ

[illegible]
ਪਤੰਗੇ ਬਣ ਕੇ ਸੜ੍ਹਦੇ ਹਾਂ।

ਆਪਣੇ ਪੱਟ ਦੇ ਹੀ
ਮਨੁੱਖੀ ਮਾਸ ਨੂੰ ਰਿੰਨ ਕੇ,
ਸੋਹਣੀ ਦੀ ਭੁੱਖ ਦੇ ਸਾਂਹਵੇਂ
ਇਸ਼ਕ-ਬਾਟੇ ਪਾ ਧਰਦੇ ਹਾਂ।

ਬਾਰਾਂ ਸਾਲ ਜਵਾਨੀ ਦੇ
ਮੱਝੀਆਂ ਨੂੰ ਚਰਵਾਕੇ ਵੀ,
ਤੁਰਲ੍ਹੇ-ਚੂਚਕ ਦੀ ਛਾਂ ਥੱਲੇ
ਹੀਰ ਦੇ ਸੰਗ ਮਰਦੇ ਹਾਂ।

ਜਾਂ ਪੂਜਾ ਹੈ ਜਾਂ ਕੁਰਬਾਨੀ
ਹੋਰ ਕੋਈ ਰਾਹ ਨਹੀਂ ਸਿੱਖਿਆ,
ਸਦੀਆਂ ਲੰਬੀ ਕਸਰ ਹੈ ਮਨ ਦੀ
ਇਸ਼ਕ ਜਿਹਦਾ ਨਾਮ ਧਰਦੇ ਹਾਂ।

ਸਾਡੀ ਕੌਮ ਨੂੰ ਯਾਰੋ
ਇਹ ਕੀ ਲੱਗੀ ਬੀਮਾਰੀ ਹੈ,
ਅਸੀਂ ਜੇ ਪਿਆਰ ਵੀ ਕਰਦੇ ਹਾਂ
ਤਾਂ ਗ਼ੁਲਾਮਾਂ ਵਾਂਗ ਕਰਦੇ ਹਾਂ।

## ਗ਼ੁਲਾਮੀ, ਇਸ਼ਕ, ਤੇ ਗਿਆਨ

ਕਿਸੇ ਆਜ਼ਾਦ ਕੌਮ ਵਿੱਚ ਮਾਨਵ
ਕੋਈ ਵੀ ਨ ਸਲ ਕਹਾਏ,
ਹੁੱਬ ਹੁੱਬ ਲੋਕੀ ਪਿਆਰ ਕਰੇਂਦੇ
ਇਸ਼ਕ ਨਾ ਨਜ਼ਰੀਂ ਆਏ।

ਗ਼ੁਲਾਮੀ ਇਸ਼ਕ ਇੱਕ ਮਾਂ ਦੇ ਜਾਏ
ਇੱਕ ਦੂਜੇ ਵਿੱਚ ਜਿੰਦਾ,
ਇੱਕ ਨੂੰ ਠੇਸ ਪਹੁੰਚਦੀ ਦੂਜਾ
ਪੀੜ੍ਹਾ ਵਿੱਚ ਕੁਰਲਾਏ।

ਇਸ਼ਕ ਪਿਆਰ ਦਾ ਅੱਤਵਾਦ ਹੈ
ਤਰਕ ਤੋਂ ਜੋ ਭਗੌੜਾ,
ਰੋਕਾਂ ਵਾਲੇ ਗ਼ੁਲਾਮ ਕਬੀਲੇ
ਵਿੱਚ ਹੀ ਜੰਮ ਪਲ ਪਾਏ।

ਇਸ਼ਕ ਉਹਨੂੰ ਹੀ ਲੱਗਦਾ ਜਿਸ ਵਿੱਚ
ਘੋਰ ਗ਼ੁਲਾਮੀ ਵਸਦੀ,
ਵਰਨਾ ਰੂਹ ਕਿੰਝ ਉਮਰ ਜਿੰਡੇ ਇਸ
ਰੋਗ ਤਾਈ ਝੱਲ ਪਾਏ।

ਸਾਂਝੇ ਦੁਸ਼ਮਣ ਗਿਆਨ ਤੋਂ ਭੱਜਣ
ਇਸ਼ਕ, ਗ਼ੁਲਾਮੀ ਦੋਨੋਂ,
ਦੋਨਾਂ ਉੱਪਰ ਗਿਆਨ ਦਾ ਰਾਹੀ



ਤਰਕ ਝੰਡਾ ਲਹਿਰਾਏ।

## ਗ਼ੁਲਾਮੀ-ਏ-ਲਹਿਰ

ਜਦ
ਕੌਮ ਦੀ ਆਜ਼ਾਦੀ ਲਈ ਛਿੜੀ ਲਹਿਰ ਦੇ
ਲੀਡਰ ਦੀ ਸੋਚ "ਫ਼ਲਸਫ਼ੇ ਦੀ ਦਲਦਲ" ਤੋਂ
ਇਸ ਕਦਰ ਫਿਸਲ ਜਾਵੇ,
ਕਿ ਉਹਦੀ ਜ਼ੁਬਾਨ
"ਚੀਨ ਦਾ ਪ੍ਰਧਾਨ
ਸਾਡਾ ਪ੍ਰਧਾਨ"
ਦਾ ਜੈਕਾਰਾ ਗੂੰਜਾਵੇ!

ਤਦ
ਰੂਹ-ਏ-ਕੌਮ ਦੀ ਗ਼ੁਲਾਮੀ ਦਾ
ਇਸਤੋਂ  ਵੱਡਾ ਸਬੂਤ
ਕੁੱਲ ਕਾਇਤਾਨ ਵਿੱਚ
ਮੇਰੀ ਸਮਝ ਦੀ ਨਜ਼ਰ ਨਾ ਆਵੇ।

**Email:** dr.sukhpal.sanghera@gmail.com

**The End**